Washington State Department of Labor & Industries

# ਸੁਆਲ ਅਤੇ ਜਵਾਬ: HELSA ਅਤੇ PPE ਵਰਤੋਂ ਦੀ ਰਿਪੋਰਟ ਕਰਨੀ ਅਤੇ ਨੋਟੀਫ਼ਿਕੇਸ਼ਨ ਦੀਆਂ ਸ਼ਰਤਾਂ

*29 ਅਪ੍ਰੈਲ, 2022 ਨੂੰ ਅੰਤਮ ਵਾਰੀ ਸੋਧਿਆ ਗਿਆ*

## ਪਿਛੋਕੜ

ਵਾਸ਼ਿੰਗਟਨ ਸਟੇਟ ਨੇ ਕੰਮ ਵਾਲ਼ੀ ਥਾਂ 'ਤੇ ਸੁਰੱਖਿਆ ਅਤੇ ਸਿਹਤ ਨਾਲ ਜੁੜੇ ਦੋ ਨੇਮਾਂ, ਲਾਗ ਵਾਲ਼ੀਆਂ ਅਤੇ ਛੂਤ ਵਾਲ਼ੀਆਂ ਬਿਮਾਰੀਆਂ ਲਈ ਪਬਲਿਕ ਸਿਹਤ ਐਮਰਜੈਂਸੀ ਬਾਰੇ ਰਿਪੋਰਟ ਕਰਨ ਅਤੇ ਨੋਟੀਫ਼ਿਕੇਸ਼ਨ ਸਬੰਧੀ ਜ਼ਿੰਮੇਵਾਰੀਆਂ, WAC 296-62-600 ਅਤੇ ਪਬਲਿਕ ਸਿਹਤ ਐਮਰਜੈਂਸੀ ਵਾਲੰਟਰੀ ਨਿਜੀ ਸੁਰੱਖਿਆ ਦੇ ਸਾਧਨ ਦੀ ਵਰਤੋਂ ਲਈ WAC 296-62-601 ਵਿੱਚ ਸੋਧ ਕੀਤੀ ਗਈ ਹੈ। ਮੂਲ ਤੌਰ 'ਤੇ ਇਹ ਨੇਮ 10 ਅਗਸਤ, 2021 ਨੂੰ ਪ੍ਰਵਾਣ ਕੀਤੇ ਗਏ ਸੀ ਅਤੇ ਅਪ੍ਰੈਲ 2022 ਵਿੱਚ ਸੋਧੇ ਗਏ ਸੀ, ਇਹ ਨੇਮ ਲਾਗ ਵਾਲ਼ੀ ਅਤੇ ਛੂਤ ਵਾਲ਼ੀ ਬਿਮਾਰੀ ਲਈ ਐਲਾਨੀਆਂ ਗਈਆਂ ਪਬਲਿਕ ਸਿਹਤ ਐਮਰਜੈਂਸੀਆਂ ਦੌਰਾਨ ਲਾਗੂ ਹੁੰਦੇ ਹਨ, ਇਸ ਵਿੱਚ ਮੌਜੂਦਾ COVID-19 ਮਹਾਮਾਰੀ ਵੀ ਸ਼ਾਮਿਲ ਹੈ। ਇਹ ਨੇਮ ਸਰਕਾਰ ਵਲੋਂ ਦਸਤਖ਼ਤ ਕੀਤੇ ਗਏ ਕਾਨੂੰਨ ਦੀਆਂ ਹੇਠਾਂ ਦਿੱਤੀਆਂ ਵਿਧਾਨਕਾਰੀ ਜ਼ਿੰਮੇਵਾਰੀਆਂ ਲਾਗੂ ਕਰਦੇ ਹਨ। Jay Inslee (ਜੇ ਇੰਸਲੀ):

- ਨੌਕਰੀਦਾਤਾ ਵਲੋਂ ਰਿਪੋਰਟ ਕਰਨ ਅਤੇ ਨੋਟੀਫ਼ਿਕੇਸ਼ਨ ਦੀਆਂ ਜ਼ਿੰਮੇਵਾਰੀਆਂ, ਜੋ ਕਿ ਮੂਲ ਤੌਰ 'ਤੇ ਸਿਹਤ ਐਮਰਜੈਂਸੀ ਸਬੰਧੀ ਕਿਰਤ ਮਿਆਰਾਂ ਬਾਰੇ ਕਾਨੂੰਨ ਜਾਂ "HELSA" ਵਿੱਚ ਹਨ, ਜੋ ਇਸ ਸਮੇਂ RCW 49.17.062 ਅਤੇ RCW 49.17.064 ਵਿੱਚ ਸ਼ਾਮਿਲ ਹਨ।
- ਪਬਲਿਕ ਸਿਹਤ ਐਮਰਜੈਂਸੀ ਦੌਰਾਨ ਚਿਹਰੇ 'ਤੇ ਲਾਉਣ ਵਾਲ਼ੇ ਮਾਸਕ ਅਤੇ ਹੋਰ ਨਿਜੀ ਸੁਰੱਖਿਆ ਸਾਧਨ (PPE) ਦੀ ਆਪਣੀ ਮਰਜ਼ੀ ਨਾਲ ਵਰਤੋਂ ਕਰਨ ਦੀ ਲੋੜ ਪੂਰੀ ਕਰਨ ਲਈ ਨੌਕਰੀਦਾਤਿਆਂ ਦੀਆਂ ਜ਼ਿੰਮੇਵਾਰੀਆਂ; RCW 49.17.485 ਦੇ ਅਧਾਰ 'ਤੇ

ਅਪ੍ਰੈਲ 2022 ਵਿੱਚ ਸੋਧੇ ਗਏ ਐਮਰਜੈਂਸੀ ਨੇਮ ਵਿੱਚ ਸਾਰੇ ਨੌਕਰੀਦਾਤਿਆਂ ਅਤੇ ਸਿਹਤ ਸੰਭਾਲ ਸਹੂਲਤਾਂ (ਜਿਵੇਂ ਕਿ RCW 9A.50.010 ਰਾਹੀਂ ਦੱਸਿਆ ਗਿਆ ਹੈ) ਲਈ ਜ਼ਿੰਮੇਵਾਰੀਆਂ ਸ਼ਾਮਿਲ ਹਨ:

- ਕੰਮ ਵਾਲ਼ੀ ਥਾਂ ਜਾਂ ਕੰਮ ਵਾਲ਼ੀ ਸਾਈਟ 'ਤੇ ਬੀਮਾ ਲਾਭਾਂ ਵਾਲ਼ੇ 50 ਤੋਂ ਵੱਧ ਮੁਲਾਜ਼ਮਾਂ ਵਾਲ਼ੇ ਨੌਕਰੀਦਾਤਿਆਂ ਲਈ ਲਾਗ ਵਾਲ਼ੀ ਅਤੇ ਛੂਤ ਵਾਲ਼ੀ ਬਿਮਾਰੀ ਫੈਲਣ ਬਾਰੇ L&I ਨੂੰ ਦੱਸਣਾ ਬਹੁਤ ਜ਼ਰੂਰੀ ਹੈ;
- ਗ਼ੈਰ-ਸਿਹਤ ਸੰਭਾਲ ਨੌਕਰੀਦਾਤਿਆਂ ਵਲੋਂ ਮੁਲਾਜ਼ਮਾਂ ਦੇ ਨਾਲ ਹੀ ਉਹਨਾਂ ਦੀ ਯੂਨੀਅਨ ਦੇ ਨੁਮਾਇੰਦੇ (ਜੇ ਕੋਈ ਹੈ) ਨੂੰ ਇੱਕ ਕਾਰੋਬਾਰੀ ਦਿਨ ਦੇ ਅੰਦਰ ਸੰਭਵ ਤੌਰ 'ਤੇ ਸੰਪਰਕ ਵਿੱਚ ਆਉਣ ਬਾਰੇ ਲਿਖਤ ਵਿੱਚ ਦੱਸਣਾ ਚਾਹੀਦਾ ਹੈ;
- ਮੁਲਾਜ਼ਮਾਂ ਅਤੇ ਠੇਕੇਦਾਰਾਂ ਨੂੰ ਨਿਜੀ ਸੁਰੱਖਿਆ ਸਾਧਨ ਦੀ ਆਪਣੀ ਮਰਜ਼ੀ ਨਾਲ ਵਰਤੋਂ ਕਰਨ ਦੀ ਮੰਜ਼ੂਰੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ।
- ਸਿਹਤ ਸੰਭਾਲ ਸਹੂਲਤਾਂ ਦੇ ਨੌਕਰੀਦਾਤਿਆਂ ਨੂੰ ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਦੇ ਗਿਆਤ ਜਾਂ ਸ਼ੱਕੀ ਉੱਚ-ਜੋਖਮ ਦੇ ਸੰਪਰਕ ਵਿੱਚ ਆਏ ਕਿਸੇ ਵੀ ਮੁਲਾਜ਼ਮ ਨੂੰ 24 ਘੰਟਿਆਂ ਦੇ ਅੰਦਰ ਜ਼ਰੂਰ ਦੱਸਣਾ ਚਾਹੀਦਾ ਹੈ।
    - ਮੁਲਾਜ਼ਮ ਦੇ ਅਖ਼ਤਿਆਰਨਾਮੇ ਨਾਲ, ਮੁਲਾਜ਼ਮ ਦੀ ਯੂਨੀਅਨ ਦੇ ਨੁਮਾਇੰਦੇ (ਜੇ ਕੋਈ ਹੈ) ਨੂੰ ਵੀ 24 ਘੰਟਿਆਂ ਦੇ ਅੰਦਰ ਨੋਟੀਫ਼ਿਕੇਸ਼ਨ ਜ਼ਰੂਰ ਭੇਜਣਾ ਚਾਹੀਦਾ ਹੈ।

ਹੇਠਾਂ ਦਿੱਤੇ ਸੁਆਲ ਅਤੇ ਜਵਾਬ ਨਵੇਂ ਨੇਮਾਂ WAC 296-62-600 ਅਤੇ WAC 296-62-601 ਨੂੰ ਸਮਝਣ ਅਤੇ ਉਹਨਾਂ ਦੀ ਪਾਲਣਾ ਕਰਨ ਵਿੱਚ ਮਦਦ ਕਰ ਸਕਦੇ ਹਨ, ਜੋ https://lni.wa.gov/rulemaking-activity/AO22-09/2209CR103EAdoption.pdf 'ਤੇ ਮਿਲਦੇ ਹਨ।

ਪਬਲਿਕ ਸਿਹਤ ਐਮਰਜੈਂਸੀਆਂ ਦੌਰਾਨ ਬਿਮਾਰੀ ਫੈਲਣ ਬਾਰੇ **L&I** ਨੂੰ ਰਿਪੋਰਟ ਕਰਨਾ

## ਕੀ ਨੌਕਰੀਦਾਤਿਆਂ ਵਲੋਂ **COVID-**19 ਮਹਾਮਾਰੀ ਦੌਰਾਨ ਬਿਮਾਰੀ ਫੈਲਣ ਬਾਰੇ **L&I** ਨੂੰ ਰਿਪੋਰਟ ਕਰਨ ਦੀ ਲੋੜ ਹੈ?

ਹਾਂ। ਵਾੱਸ਼ਿੰਗਟਨ ਸਟੇਟ ਵਿੱਚ ਕੰਮ ਵਾਲ਼ੀਆਂ ਥਾਵਾਂ ਜਾਂ ਕੰਮ ਵਾਲ਼ੀਆਂ ਸਾਈਟਾਂ 'ਤੇ ਬੀਮਾ ਲਾਭਾਂ ਵਾਲ਼ੇ 50 ਤੋਂ ਵੱਧ ਮੁਲਾਜ਼ਮਾਂ ਵਾਲ਼ੇ ਨੌਕਰੀਦਾਤਿਆਂ ਵਲੋਂ ਉਹਨਾਂ ਨੂੰ COVID-19 ਬਿਮਾਰੀ ਫੈਲਣ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ; RCW 9A.50.010 ਵਿੱਚ ਦੱਸੇ ਗਏ ਅਨੁਸਾਰ ਇਸ ਵਿੱਚ ਸਿਹਤ ਸੰਭਾਲ ਸਹੂਲਤਾਂ ਵਿਖੇ ਕੰਮ ਵਾਲ਼ੀਆਂ ਥਾਵਾਂ ਅਤੇ ਕੰਮ ਵਾਲ਼ੀਆਂ ਸਾਈਟਾਂ ਸ਼ਾਮਿਲ ਹਨ। ਐਲਾਨੀ ਗਈ ਪਬਲਿਕ ਸਿਹਤ ਐਮਰਜੈਂਸੀ ਖ਼ਤਮ ਹੋਣ ਤੱਕ ਇਹ ਸ਼ਰਤਾਂ ਲਾਗੂ ਰਹਿਣਗੀਆਂ।

ਅਮਰੀਕਾ ਦੇ ਪ੍ਰੈਜ਼ੀਡੈਂਟ ਵਲੋਂ ਜਾਂ ਵਾੱਸ਼ਿੰਗਟਨ ਸਟੇਟ ਦੇ ਗਵਰਨਰ ਵਲੋਂ ਐਲਾਨੇ ਗਏ ਜਾਂ ਆਦੇਸ਼ ਅਨੁਸਾਰ, ਰਿਪੋਰਟ ਕਰਨ ਸਬੰਧੀ ਇਹ ਜ਼ਿੰਮੇਵਾਰੀਆਂ ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਨਾਲ ਜੁੜੀਆਂ ਭਵਿੱਖ ਵਿਚਲੀਆਂ ਮਹਾਮਾਰੀਆਂ ਜਾਂ ਹੋਰ ਪਬਲਿਕ ਸਿਹਤ ਐਮਰਜੈਂਸੀਆਂ 'ਤੇ ਲਾਗੂ ਹੋਣਗੀਆਂ।

## ਬਿਮਾਰੀ ਫੈਲਣਾ ਕੀ ਹੈ?

ਆਮ ਤੌਰ 'ਤੇ, ਇੱਕ ਵਿਸ਼ੇਸ਼ ਸਮੇਂ ਦੀ ਮਿਆਦ ਵਿੱਚ ਇੱਕ ਖ਼ਾਸ ਕੰਮ ਵਾਲ਼ੀ ਥਾਂ ਜਾਂ ਕੰਮ ਵਾਲ਼ੀ ਸਾਈਟ 'ਤੇ ਵੱਡੇ ਪੱਧਰ 'ਤੇ ਲਾਗਾਂ ਲੱਗਣੀਆਂ ਹੀ ਬਿਮਾਰੀ ਫੈਲਣਾ ਹੈ।

ਇਹ ਨੇਮ ਖ਼ਾਸ ਤੌਰ 'ਤੇ ਨਮੂਨੇ ਇਕੱਠੇ ਕਰਨ ਦੀਆਂ ਤਾਰੀਖ਼ਾਂ ਵੇਲ਼ੇ ਦਸ ਜਾਂ ਵੱਧ ਪੁਸ਼ਟੀਸ਼ੁਦਾ-ਟੈਸਟ ਵਾਲ਼ੇ ਮੁਲਾਜ਼ਮਾਂ ਵਿੱਚ COVID-19 ਦੀਆਂ ਲਾਗਾਂ ਕਰਕੇ COVID-19 ਬਿਮਾਰੀ ਫੈਲਣ 'ਤੇ ਲਾਗੂ ਹੁੰਦਾ ਹੈ, ਜੋ ਹੇਠਾਂ ਦਿੱਤੀਆਂ ਸਥਿਤੀਆਂ ਦੌਰਾਨ ਫੈਲਦੀ ਹੈ:

- ਇੱਕ ਦੂਜੇ ਦੇ ਲਗਾਤਾਰ 14 ਕੈਲੰਡਰ ਦਿਨਾਂ ਦੇ ਅੰਦਰ ਕੋਈ ਵੀ ਦੋ (ਜਾਂ ਵੱਧ) ਕੇਸ ਹੋਣ ਵੇਲ਼ੇ ਸਮੇਂ ਦੀ ਮਿਆਦ ਸ਼ੁਰੂ ਹੁੰਦੀ ਹੈ ਅਤੇ ਜੋ ਨਵੀਂ ਲਾਗ ਤੋਂ ਬਿਨਾ ਲਗਾਤਾਰ 28 ਕੈਲੰਡਰ ਦਿਨ ਬੀਤਣ ਤੋਂ ਬਾਅਦ ਖ਼ਤਮ ਹੋ ਜਾਂਦੀ ਹੈ ਜਾਂ
- ਕੋਈ ਵੀ ਮਿਆਦ, ਜਿਸ ਸਮੇਂ ਵਾੱਸ਼ਿੰਗਟਨ ਸਟੇਟ ਦਾ ਸਿਹਤ ਵਿਭਾਗ ਜਾਂ ਸਥਾਨਕ ਸਿਹਤ ਸਬੰਧੀ ਅਧਿਕਾਰ-ਖੇਤਰ ਨੌਕਰੀਦਾਤਾ ਨੂੰ ਦੱਸਦਾ ਹੈ ਕਿ ਉਹਨਾਂ ਦੀ ਕੰਮ ਵਾਲ਼ੀ ਥਾਂ ਜਾਂ ਕੰਮ ਵਾਲ਼ੀ ਸਾਈਟ 'ਤੇ COVID-19 ਬਿਮਾਰੀ ਫੈਲ ਗਈ ਹੈ।

## ਬੀਮਾ ਲਾਭਾਂ ਵਾਲ਼ਾ ਮੁਲਾਜ਼ਮ ਕੌਣ ਹੈ?

ਘੰਟੇਵਾਰ, ਤਨਖ਼ਾਹ ਲੈਣ ਵਾਲ਼ੇ, ਵਰਕਰ, ਪ੍ਰਬੰਧ ਕਰਨ, ਪਾਰਟ-ਟਾਈਮ ਅਤੇ ਮੌਸਮ ਦੇ ਹਿਸਾਬ ਨਾਲ ਕੰਮ ਕਰਨ ਵਾਲ਼ੇ ਮੁਲਾਜ਼ਮ; ਅਤੇ ਜੇ (WAC-296-27-02103 ਅਨੁਸਾਰ) ਦਿਨ-ਬ-ਦਿਨ ਦੇ ਅਧਾਰ 'ਤੇ (https://apps.leg.wa.gov/WAC/default.aspx?cite=296-27-02103) 'ਤੇ ਆਰਜ਼ੀ ਮਦਦ ਸੇਵਾ, ਮੁਲਾਜ਼ਮ ਲੀਜ਼ਿੰਗ ਸੇਵਾ ਜਾਂ ਸਟਾਫ਼ ਸਪਲਾਈ ਸੇਵਾ ਰਾਹੀਂ ਕੰਮ 'ਤੇ ਰੱਖੇ ਜਾਣ ਵਾਲ਼ੇ ਮੁਲਾਜ਼ਮ ਦੀ ਨਿਗਰਾਨੀ ਕੀਤੀ ਜਾਂਦੀ ਹੈ।

## ਨੌਕਰੀਦਾਤਾ ਬਿਮਾਰੀ ਫੈਲਣ ਬਾਰੇ ਕਿਵੇਂ ਰਿਪੋਰਟ ਕਰਦੇ ਹਨ ਅਤੇ ਉਹਨਾਂ ਨੂੰ ਕਿੰਨੇ ਸਮੇਂ ਵਿੱਚ ਰਿਪੋਰਟ ਕਰਨੀ ਚਾਹੀਦੀ ਹੈ?

ਨੌਕਰੀਦਾਤਾ ਨੂੰ ਪਤਾ ਲੱਗਦਿਆਂ ਸਾਰ ਹੀ ਕਿ ਕੰਮ ਵਾਲ਼ੀ ਥਾਂ ਜਾਂ ਕੰਮ ਵਾਲ਼ੀ ਸਾਈਟ ਵਿੱਚ ਦਸ ਜਾਂ ਵੱਧ ਕੇਸ ਹੋ ਗਏ ਹਨ, ਤਾਂ ਨੌਕਰੀਦਾਤਾ ਨੂੰ 1-800-4BE-SAFE (ਜਾਂ 1-800-423-7233) 'ਤੇ L&I ਦੀ ਔੱਕਿਉਪੇਸ਼ਨਲ ਸੁਰੱਖਿਆ ਅਤੇ ਸਿਹਤ ਬਾਰੇ ਡਿਵੀਜ਼ਨ (DOSH) ਨੂੰ ਕਾੱਲ ਕਰਕੇ 24 ਘੰਟਿਆਂ ਦੇ ਅੰਦਰ ਬਿਮਾਰੀ ਫੈਲਣ ਬਾਰੇ ਦੱਸਣਾ ਚਾਹੀਦਾ ਹੈ ਅਤੇ “ਸੱਟ-ਫੇਟ ਲੱਗਣ, ਹਸਪਤਾਲ ਵਿੱਚ ਭਰਤੀ ਕਰਨ, ਅੰਗ-ਭੰਗ ਹੋਣ ਜਾਂ ਅੱਖ ਖੁੰਝਣ” ਲਈ ਵਿਕਲਪ ਦੀ ਪਾਲਣਾ ਕਰਨੀ ਚਾਹੀਦੀ ਹੈ।

DOSH ਨੂੰ ਰਿਪੋਰਟਿੰਗ ਕਰਨ ਵੇਲ਼ੇ ਕਿਸੇ ਵੀ ਮੁਲਾਜ਼ਮ ਦੇ ਨਾਂ ਜਾਂ ਨਿਜੀ ਪਛਾਣ ਕਰਨ ਵਾਲ਼ੀ ਜਾਣਕਾਰੀ ਸ਼ਾਮਿਲ ਨਾ ਕਰੋ।

### ਬਿਮਾਰੀ ਫੈਲਣ ਦੌਰਾਨ, ਕੀ ਨੌਕਰੀਦਾਤਾ ਨੂੰ ਇੱਕ ਨਾਲੋਂ ਵੱਧ ਵਾਰੀ ਰਿਪੋਰਟ ਕਰਨੀ ਪੈਂਦੀ ਹੈ?

ਨੌਕਰੀਦਾਤਾ ਵਲੋਂ ਇੱਕ ਵਾਰੀ ਬਿਮਾਰੀ ਫੈਲਣ ਦੀ ਰਿਪੋਰਟ ਕਰਨ ਤੋਂ ਬਾਅਦ ਉਸ ਦੇ ਫੈਲਣ, ਇੱਥੋਂ ਤੱਕ ਹੋਰ ਕੇਸ ਹੋਣ 'ਤੇ ਵੀ ਕੋਈ ਹੋਰ ਰਿਪੋਰਟ ਕਰਨ ਦੀ ਲੋੜ ਨਹੀਂ ਹੈ।

ਕੰਮ ਵਾਲ਼ੀਆਂ ਕੁਝ ਥਾਵਾਂ 'ਤੇ ਨਵੇਂ ਕੇਸ ਤੋਂ ਬਿਨਾ 28 ਦਿਨ ਬੀਤਣ ਤੋਂ ਬਾਅਦ ਵੀ ਨਵੀਂ ਬਿਮਾਰੀ ਫੈਲਣਾ ਸੰਭਵ ਹੈ; ਜੇ ਇੰਜ ਹੁੰਦਾ ਹੈ, ਤਾਂ ਨੌਕਰੀਦਾਤਾ ਨੂੰ ਨਵੀਂ ਬਿਮਾਰੀ ਫੈਲਣ ਦੀ ਰਿਪੋਰਟ ਕਰਨੀ ਪਏਗੀ।

ਬਿਮਾਰੀ ਦੇ ਸੰਪਰਕ ਵਿੱਚ ਆਉਣ ਵਾਲ਼ੇ ਮੁਲਾਜ਼ਮ ਬਾਰੇ ਨੋਟੀਫ਼ਿਕੇਸ਼ਨ (ਸਾਰੇ ਨੌਕਰੀਦਾਤਾ)

### ਸਾਰੇ ਨੌਕਰੀਦਾਤਿਆਂ ਨੂੰ ਮੌਜੂਦਾ ਮਹਾਮਾਰੀ ਦੌਰਾਨ ਮੁਲਾਜ਼ਮਾਂ ਨੂੰ COVID-19 ਦੇ ਸੰਪਰਕ ਵਿੱਚ ਆਉਣ ਬਾਰੇ ਦੱਸਣਾ ਚਾਹੀਦਾ ਹੈ

ਹਾਂ। COVID-19 ਦੇ ਕੇਸਾਂ ਲਈ ਹੁਣ ਮੁਲਾਜ਼ਮ ਨੂੰ ਨੋਟੀਫ਼ਿਕੇਸ਼ਨ ਦੇਣ ਸਬੰਧੀ ਜ਼ਿੰਮੇਵਾਰੀਆਂ ਲਾਗੂ ਹਨ ਅਤੇ ਇਹ ਪਬਲਿਕ ਸਿਹਤ ਐਮਰਜੈਂਸੀ ਖ਼ਤਮ ਹੋਣ ਨੂੰ ਐਲਾਨੇ ਜਾਣ ਤੱਕ ਲਾਗੂ ਰਹਿਣਗੀਆਂ। WAC 296-62-600 ਰਾਹੀਂ ਇਸਦੇ ਘੇਰੇ ਹੇਠ ਆਉਣ ਵਾਲ਼ੇ ਸਾਰੇ ਨੌਕਰੀਦਾਤਿਆਂ ਲਈ ਮੁਲਾਜ਼ਮ ਨੂੰ ਨੋਟੀਫ਼ਿਕੇਸ਼ਨ ਦੇਣ ਸਬੰਧੀ ਜ਼ਿੰਮੇਵਾਰੀਆਂ ਇੱਥੇ ਦਿੱਤੀਆਂ ਗਈਆਂ ਹਨ।

ਅਮਰੀਕਾ ਦੇ ਪ੍ਰੈਜ਼ੀਡੈਂਟ ਵਲੋਂ ਜਾਂ ਵਾੱਸ਼ਿੰਗਟਨ ਸਟੇਟ ਦੇ ਗਵਰਨਰ ਵਲੋਂ ਐਲਾਨੇ ਗਏ ਜਾਂ ਆਦੇਸ਼ ਅਨੁਸਾਰ, ਰਿਪੋਰਟ ਕਰਨ ਦੀਆਂ ਇਹ ਜ਼ਿੰਮੇਵਾਰੀਆਂ ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਨਾਲ ਜੁੜੀ ਭਵਿੱਖ ਵਿਚਲੀਆਂ ਕਿਸੇ ਵੀ ਮਹਾਮਾਰੀਆਂ ਜਾਂ ਹੋਰ ਪਬਲਿਕ ਸਿਹਤ ਐਮਰਜੈਂਸੀਆਂ 'ਤੇ ਲਾਗੂ ਹੋਣਗੀਆਂ।

### ਯੋਗ ਵਿਅਕਤੀ ਕੌਣ ਹੈ?

ਯੋਗ ਵਿਅਕਤੀ ਉਹ ਸ਼ਖ਼ਸ ਹੈ, COVID-19 ਲਈ ਜਿਸਦਾ ਟੈਸਟ ਨਤੀਜਾ ਪਾੱਜ਼ਿਟਿਵ ਆਉਂਦਾ ਹੈ, COVID-19 ਲਈ ਉਸਦਾ ਰੋਗ-ਨਿਦਾਨ ਸਿਹਤ ਸੰਭਾਲ ਪ੍ਰੋਵਾਈਡਰ ਨੇ ਕੀਤਾ ਹੈ, ਉਸ ਨੂੰ ਅਲੱਗ-ਥਲੱਗ ਰਹਿਣ ਦਾ ਆਦੇਸ਼ ਦਿੱਤਾ ਗਿਆ ਹੈ ਜਾਂ ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਕਰਕੇ ਮੌਤ ਹੋ ਗਈ ਹੈ, ਇਹ ਸਭ ਕੁਝ ਪਬਲਿਕ ਸਿਹਤ ਐਮਰਜੈਂਸੀ ਹੇਠ ਆਉਂਦਾ ਹੈ।

### ਕੀ ਸਿਹਤ ਸੰਭਾਲ ਸਹੂਲਤਾਂ ਨੋਟੀਫ਼ਿਕੇਸ਼ਨ ਦੀਆਂ ਜ਼ਿੰਮੇਵਾਰੀਆਂ ਦੇ ਘੇਰੇ ਹੇਠ ਆਉਂਦੀਆਂ ਹਨ?

ਹਾਂ, WAC 296-62-600 ਦੀ ਅਪ੍ਰੈਲ 2022 ਦੀ ਰਿਲੀਜ਼ ਵਿੱਚ RCW 9A.50.010 ਵਲੋਂ ਦੱਸੀਆਂ ਗਈਆਂ ਸਿਹਤ ਸੰਭਾਲ ਸਹੂਲਤਾਂ ਲਈ ਨੋਟੀਫ਼ਿਕੇਸ਼ਨ ਦੀਆਂ ਜ਼ਿੰਮੇਵਾਰੀਆਂ ਸ਼ਾਮਿਲ ਹਨ।

### ਕੀ ਗ਼ੈਰ-ਸਿਹਤ ਸੰਭਾਲ ਨੌਕਰੀਦਾਤਿਆਂ ਲਈ ਨੋਟੀਫ਼ਿਕੇਸ਼ਨ ਸਿਹਤ ਸੰਭਾਲ ਸਹੂਲਤਾਂ ਵਾਂਗ ਹੀ ਹਨ?

ਨਹੀਂ। ਮੁਲਾਜ਼ਮ (ਮੁਲਾਜ਼ਮਾਂ) ਲਈ ਨੌਕਰੀਦਾਤਾ ਵਲੋਂ ਨੋਟੀਫ਼ਿਕੇਸ਼ਨ RCW 9A.50.010 ਵਲੋਂ ਦੱਸੇ ਗਏ ਅਨੁਸਾਰ ਸਿਹਤ ਸੰਭਾਲ ਸਹੂਲਤ ਦੀ ਪਰਿਭਾਸ਼ਾ 'ਤੇ ਨਿਰਭਰ ਕਰਦਾ ਹੈ। ਸਿਹਤ ਸੰਭਾਲ ਸਹੂਲਤਾਂ ਅਤੇ ਗ਼ੈਰ-ਸਿਹਤ ਸੰਭਾਲ ਨੌਕਰੀਦਾਤਾ ਦੀਆਂ ਵੱਖ-ਵੱਖ ਜ਼ਿੰਮੇਵਾਰੀਆਂ ਹਨ, ਇਸ ਵਿੱਚ ਨੋਟੀਫ਼ਿਕੇਸ਼ਨ ਲਈ ਪ੍ਰੇਰਕ ਸ਼ਾਮਿਲ ਹਨ। ਉਦਾਹਰਣ ਲਈ:

- ਜੇ ਗ਼ੈਰ-ਸਿਹਤ ਸੰਭਾਲ ਸਹੂਲਤ ਦੇ ਨੌਕਰੀਦਾਤਾ ਨੂੰ ਇੱਕ ਮੁਲਾਜ਼ਮ ਦੇ ਬਿਮਾਰੀ ਦੇ ਸੰਭਵ ਸੰਪਰਕ ਵਿੱਚ ਆਉਣ ਦਾ ਨੋਟਿਸ ਮਿਲਦਾ ਹੈ, ਤਾਂ ਫਿਰ ਨੌਕਰੀਦਾਤਾ ਨੂੰ ਲਾਗ ਦੀ ਮਿਆਦ ਦੌਰਾਨ ਉਸ ਥਾਂ ਵਿਚਲੇ ਸਾਰੇ ਮੁਲਾਜ਼ਮਾਂ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਨੌਕਰੀਦਾਤਾ ਨੂੰ ਇੱਕ (1) ਕਾਰੋਬਾਰੀ ਦਿਨ ਦੇ ਅੰਦਰ ਬਿਮਾਰੀ ਦੇ ਸੰਭਵ ਸੰਪਰਕ ਵਿੱਚ ਆਏ ਉਹਨਾਂ ਲੋਕਾਂ ਨੂੰ ਨੋਟਿਸ ਜ਼ਰੂਰ ਦੇਣਾ ਚਾਹੀਦਾ ਹੈ।
- ਇੱਕ ਮੁਲਾਜ਼ਮ ਦੇ ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਦੇ ਗਿਆਤ ਜਾਂ ਸ਼ੱਕੀ ਉੱਚ ਜੋਖਮ ਦੇ ਸੰਪਰਕ ਵਿੱਚ ਆਉਣ 'ਤੇ ਸਿਹਤ ਸੰਭਾਲ ਸਹੂਲਤ ਦੇ ਨੌਕਰੀਦਾਤਿਆਂ ਨੂੰ ਮੁਲਾਜ਼ਮਾਂ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਦੇ ਉੱਚ ਜੋਖਮ ਦੇ ਸੰਪਰਕ ਵਿੱਚ ਆਉਣ ਵਾਲ਼ੇ ਮੁਲਾਜ਼ਮਾਂ ਨੂੰ ਦੱਸਣ ਲਈ ਨੌਕਰੀਦਾਤਾ ਕੋਲ 24 ਘੰਟਿਆਂ ਦਾ ਸਮਾਂ ਹੁੰਦਾ ਹੈ।

## ਕੀ ਹੁੰਦਾ ਹੈ, ਜੇ 50 ਜਾਂ ਘੱਟ ਮੁਲਾਜ਼ਮ ਹਨ?

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਇੱਕ ਵਿਸ਼ੇਸ਼ ਕੰਮ ਵਾਲ਼ੀ ਥਾਂ 'ਤੇ ਬੀਮਾ ਲਾਭਾਂ ਵਾਲ਼ੇ 50 ਜਾਂ ਘੱਟ ਮੁਲਾਜ਼ਮਾਂ ਵਾਲ਼ੇ ਨੌਕਰੀਦਾਤਾ ਵਲੋਂ ਫੈਲਣ ਵਾਲ਼ੀ ਬਿਮਾਰੀ ਬਾਰੇ L&I ਨੂੰ ਦੱਸਣ ਦੀ ਲੋੜ ਨਹੀਂ ਹੈ। ਹਾਲਾਂਕਿ, ਉਸਨੂੰ ਫਿਰ ਵੀ ਮੁਲਾਜ਼ਮਾਂ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ।

ਬਿਮਾਰੀ ਦੇ ਸੰਭਵ ਸੰਪਰਕ ਵਿੱਚ ਆਉਣ ਵਾਲ਼ੇ ਮੁਲਾਜ਼ਮਾਂ ਨੂੰ ਦੱਸਣਾ (ਗ਼ੈਰ-ਸਿਹਤ ਸੰਭਾਲ ਦੇ ਨੌਕਰੀਦਾਤਾ)

## ਗ਼ੈਰ-ਸਿਹਤ ਸੰਭਾਲ ਦੇ ਨੌਕਰੀਦਾਤਿਆਂ ਨੂੰ ਨੋਟੀਫ਼ਿਕੇਸ਼ਨ ਦੀ ਜ਼ਿੰਮੇਵਾਰੀ ਲਈ ਕਿਹੜੀ ਗੱਲ ਪ੍ਰੇਰਦੀ ਹੈ?

ਹਰ ਵਾਰੀ ਸੰਭਵ ਸੰਪਰਕ ਦਾ ਨੋਟਿਸ ਮਿਲਣ 'ਤੇ ਨੋਟੀਫ਼ਿਕੇਸ਼ਨ ਦੀ ਜ਼ਿੰਮੇਵਾਰੀ ਸ਼ੁਰੂ ਹੋ ਜਾਂਦੀ ਹੈ:

- ਨੌਕਰੀਦਾਤਾ ਦੇ ਟੈਸਟਿੰਗ ਪ੍ਰੋਟੋਕਾੱਲ ਰਾਹੀਂ ਕਿ ਮੁਲਾਜ਼ਮ ਇੱਕ ਯੋਗ ਵਿਅਕਤੀ ਹੈ ਜਾਂ
- ਇੱਕ ਮੁਲਾਜ਼ਮ ਵਲੋਂ (ਜਾਂ ਉਹਨਾਂ ਦਾ ਐਮਰਜੈਂਸੀ ਸੰਪਰਕ) ਕਿ ਮੁਲਾਜ਼ਮ ਇੱਕ ਯੋਗ ਵਿਅਕਤੀ ਹੈ ਜਾਂ
- ਮੈਡੀਕਲ ਪ੍ਰੋਵਾਈਡਰ ਜਾਂ ਪਬਲਿਕ ਸਿਹਤ ਅਫ਼ਸਰ ਵਲੋਂ ਕਿ ਕੰਮ ਵਾਲ਼ੀ ਥਾਂ 'ਤੇ ਮੁਲਾਜ਼ਮ ਇੱਕ ਯੋਗ ਵਿਅਕਤੀ ਦੇ ਸੰਪਰਕ ਵਿੱਚ ਆਇਆ ਸੀ।

## ਗ਼ੈਰ-ਸਿਹਤ ਸੰਭਾਲ ਦੇ ਨੌਕਰੀਦਾਤਿਆਂ ਨੂੰ ਕਿਸ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ?

ਨੌਕਰੀਦਾਤਾ ਨੂੰ ਬੀਮਾ ਲਾਭਾਂ ਵਾਲ਼ੇ ਸਾਰੇ ਮੁਲਾਜ਼ਮਾਂ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ, ਜੋ ਕਿ ਇੱਕ ਯੋਗ ਵਿਅਕਤੀ ਵਜੋਂ ਉਸੀ ਦਿਨ (ਦਿਨਾਂ), ਉਸੀ ਕੰਮ ਵਾਲ਼ੀ ਥਾਂ ਵਿੱਚ ਸਨ, ਜਿਹੜੇ ਲਾਗ ਜਾਂ ਛੂਤ ਦੇ ਅਸਰ ਹੇਠ ਹੋ ਸਕਦੇ ਹਨ। COVID-19 ਲਈ, ਇੱਕ ਯੋਗ ਵਿਅਕਤੀ ਲਾਗ ਜਾਂ ਛੂਤ ਦੇ ਅਸਰ ਹੇਠ ਹੋ ਸਕਦਾ ਹੈ:

- ਜੇ ਰੋਗ-ਸੂਚਕ ਹੈ, ਤਾਂ ਹਰਾਰਤ ਮਹਿਸੂਸ ਹੋਣ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ; ਜਾਂ
- ਜੇ ਰੋਗ-ਸੂਚਕ ਨਹੀਂ ਹੈ, ਤਾਂ ਟੈਸਟ ਦਾ ਨਮੂਨਾ ਇਕੱਠਾ ਕਰਨ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ ਅਤੇ
- ਜਦ ਤੱਕ ਉਹ ਅਲੱਗ-ਥਲੱਗ ਹਨ ਜਾਂ ਕੰਮ ਵਾਲ਼ੀ ਥਾਂ ਤੋਂ ਚਲੇ ਗਏ ਹਨ।

### ਕੀ ਗ਼ੈਰ-ਸਿਹਤ ਸੰਭਾਲ ਨੌਕਰੀਦਾਤਿਆਂ ਨੂੰ ਕਿਸੇ ਨੂੰ ਵੀ ਲਿਖਤੀ ਨੋਟਿਸ ਦੇਣਾ ਪੈਂਦਾ ਹੈ?

ਹਾਂ, ਨੌਕਰੀਦਾਤਿਆਂ ਨੂੰ ਇਹਨਾਂ ਨੂੰ ਵੀ ਲਿਖਤੀ ਨੋਟਿਸ ਦੇਣਾ ਪੈਂਦਾ ਹੈ:

- ਬੀਮਾ ਲਾਭਾਂ ਵਾਲ਼ੇ ਕਿਸੇ ਵੀ ਮੁਲਾਜ਼ਮ ਨੂੰ- ਨੋਟੀਫ਼ਿਕੇਸ਼ਨ ਪ੍ਰਾਪਤ ਕਰਨ ਵਾਲ਼ੇ ਮੁਲਾਜ਼ਮ-ਅਖ਼ਤਿਆਰਪ੍ਰਾਪਤ ਯੂਨੀਅਨ ਦੇ ਨੁਮਾਇੰਦੇ।
- ਆਰਜ਼ੀ ਸਹਾਇਤਾ ਸੇਵਾ, ਲੀਜ਼ਿੰਗ ਸੇਵਾ ਜਾਂ ਨੋਟੀਫ਼ਿਕੇਸ਼ਨ ਪ੍ਰਾਪਤ ਕਰ ਰਹੇ ਕਿਸੇ ਵੀ ਮੁਲਾਜ਼ਮ ਦੀ ਸਟਾਫ਼ ਸਪਲਾਈ ਸੇਵਾ।

### ਗ਼ੈਰ-ਸਿਹਤ ਸੰਭਾਲ ਨੌਕਰੀਦਾਤਿਆਂ ਵਲੋਂ ਇਹ ਨੋਟੀਫ਼ਿਕੇਸ਼ਨ ਕਿਵੇਂ ਦੇਣਾ ਚਾਹੀਦਾ ਹੈ?

ਨੌਕਰੀਦਾਤਾ ਨੂੰ ਆਮ ਤੌਰ 'ਤੇ ਰੋਜ਼ਗਾਰ ਸਬੰਧੀ ਜਾਣਕਾਰੀ ਦੇਣ ਵਾਂਗ ਹੀ ਲਿਖਤੀ ਨੋਟਿਸ ਦੇਣਾ ਚਾਹੀਦਾ ਹੈ। ਇਸ ਵਿੱਚ ਨਿਜੀ ਸੇਵਾ, ਈਮੇਲ ਜਾਂ ਟੈਕਸਟ ਸੁਨੇਹੇ ਸ਼ਾਮਿਲ ਹੁੰਦੇ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ – ਕਿ ਮੁਲਾਜ਼ਮ ਵਲੋਂ ਢੁਕਵੇਂ ਤੌਰ 'ਤੇ ਇੱਕ ਕਾਰੋਬਾਰੀ ਦਿਨ ਦੇ ਅੰਦਰ ਨੋਟੀਫ਼ਿਕੇਸ਼ਨ ਮਿਲਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਹ ਲਿਖਤੀ ਨੋਟਿਸ ਅੰਗ੍ਰੇਜ਼ੀ ਅਤੇ ਬਹੁਤੇ ਮੁਲਾਜ਼ਮਾਂ ਵਲੋਂ ਸਮਝੀ ਜਾਂਦੀ ਭਾਸ਼ਾ ਵਿੱਚ ਦੇਣਾ ਚਾਹੀਦਾ ਹੈ। ਇਹ ਗੱਲ ਯੂਨੀਅਨ ਦੇ ਨੁਮਾਇੰਦਿਆਂ ਅਤੇ ਨੌਕਰੀਦਾਤਿਆਂ ਨੂੰ ਦਿੱਤੇ ਜਾਣ ਵਾਲ਼ੇ ਲਿਖਤੀ ਨੋਟਿਸਾਂ 'ਤੇ ਵੀ ਲਾਗੂ ਹੁੰਦੀ ਹੈ।

### ਕੀ ਗ਼ੈਰ-ਸਿਹਤ ਸੰਭਾਲ ਸਹੂਲਤਾਂ ਵਿਚਲੇ ਮੁਲਾਜ਼ਮਾਂ ਵਲੋਂ ਦਿੱਤੇ ਜਾਣ ਵਾਲ਼ੇ ਨੋਟਿਸਾਂ ਵਿੱਚ ਮੁਲਾਜ਼ਮਾਂ ਦੇ ਨਾਂ ਸ਼ਾਮਿਲ ਹੋ ਸਕਦੇ ਹਨ?

ਨੰਬਰ ਇਸ ਨੇਮ ਤਹਿਤ ਬੀਮਾ ਲਾਭਾਂ ਵਾਲ਼ੇ ਮੁਲਾਜ਼ਮਾਂ ਲਈ ਨੋਟਿਸਾਂ ਵਿੱਚ ਕਿਸੇ ਵੀ ਮੁਲਾਜ਼ਮ ਦਾ ਨਾਂ ਜਾਂ ਨਿਜੀ ਜਾਣਕਾਰੀ ਸ਼ਾਮਿਲ ਨਹੀਂ ਕਰਨੀ ਚਾਹੀਦੀ।

ਨੋਟਿਸਾਂ ਵਿੱਚ ਪ੍ਰੋਗਰਾਮ ਜਾਂ ਇਲਾਕੇ ਵਰਗੀ ਜਾਣਕਾਰੀ ਸ਼ਾਮਿਲ ਹੋ ਸਕਦੀ ਹੈ, ਜਿੱਥੇ ਬੀਮਾ ਲਾਭਾਂ ਵਾਲ਼ਾ ਮੁਲਾਜ਼ਮ, ਉਸ ਸਮੇਂ ਤੱਕ ਕੰਮ ਕਰਦਾ ਹੈ, ਜਦ ਤੱਕ ਕਿ ਜਾਣਕਾਰੀ ਨਾਲ ਬੀਮਾ ਲਾਭਾਂ ਵਾਲ਼ੇ ਮੁਲਾਜ਼ਮ ਦੀ ਪਛਾਣ ਨਹੀਂ ਹੁੰਦੀ।

### ਮੁਲਾਜ਼ਮਾਂ, ਯੂਨੀਅਨਾਂ ਅਤੇ ਹੋਰ ਨੌਕਰੀਦਾਤਿਆਂ ਨੂੰ ਦੱਸਣ ਲਈ ਗ਼ੈਰ-ਸਿਹਤ ਸੰਭਾਲ ਨੌਕਰੀਦਾਤਾ ਕੋਲ ਕਿੰਨਾ ਸਮਾਂ ਹੁੰਦਾ ਹੈ?

ਬਿਮਾਰੀ ਦੇ ਸੰਪਰਕ (ਸੰਪਰਕਾਂ) ਵਿੱਚ ਆਉਣ ਵਾਲ਼ੇ ਮੁਲਾਜ਼ਮਾਂ, ਯੂਨੀਅਨ ਦੇ ਨੁਮਾਇੰਦੇ ਅਤੇ ਹੋਰ ਨੌਕਰੀਦਾਤਿਆਂ ਨੂੰ ਲਿਖਤੀ ਨੋਟਿਸ ਦੇਣ ਲਈ ਇੱਕ ਕਾਰੋਬਾਰੀ ਦਿਨ।

ਉੱਚ-ਜੋਖਮ ਦੇ ਸੰਪਰਕ (ਸਿਹਤ ਸੰਭਾਲ ਸਹੂਲਤਾਂ) ਵਿੱਚ ਆਏ ਮੁਲਾਜ਼ਮਾਂ ਨੂੰ ਦੱਸਣਾ

### ਸਿਹਤ ਸੰਭਾਲ ਸਹੂਲਤ ਕੀ ਹੈ?

ਸਿਹਤ ਸੰਭਾਲ ਸਹੂਲਤਾਂ, ਮਰੀਜ਼ਾਂ ਨੂੰ ਸਿੱਧਿਆਂ ਸਿਹਤ ਸੰਭਾਲ ਸੇਵਾਵਾਂ ਦੇਣ ਵਾਲ਼ੀਆਂ ਸਹੂਲਤਾਂ ਹਨ, ਇਸ ਵਿੱਚ ਹਸਪਤਾਲ, ਕਲਿਨਿਕ, ਸਿਹਤ ਸੰਭਾਲ ਪ੍ਰੋਵਾਈਡਰ ਦਾ ਦਫ਼ਤਰ, ਸਿਹਤ ਦੀ ਸਾਂਭ-ਸੰਭਾਲ ਕਰਨ ਵਾਲ਼ੀ ਸੰਸਥਾ, ਨਿਦਾਨਕਾਰੀ ਜਾਂ ਇਲਾਜ ਸੈਂਟਰ, ਨਿਉਰੋਸਾਇਕੀਐਟ੍ਰਿਕ ਜਾਂ ਮਾਨਸਿਕ ਸਿਹਤ ਸਹੂਲਤ, ਰੈਸਟ ਹੋਮ ਜਾਂ RCW 9A.50.010 ਤੋਂ ਨਰਸਿੰਗ ਸ਼ਾਮਿਲ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ: ਪਰਿਭਾਸ਼ਾਵਾਂ।

## ਸਿਹਤ ਸੰਭਾਲ ਸਹੂਲਤਾਂ ਵਲੋਂ ਬੀਮਾ ਲਾਭਾਂ ਵਾਲ਼ੇ ਮੁਲਾਜ਼ਮਾਂ ਨੂੰ ਕਿਵੇਂ ਅਤੇ ਕਦੋਂ ਦੱਸਣਾ ਚਾਹੀਦਾ ਹੈ?

ਸਿਹਤ ਸੰਭਾਲ ਸਹੂਲਤਾਂ ਨੂੰ 24 ਘੰਟਿਆਂ ਦੇ ਅੰਦਰ COVID-19 ਦੇ ਗਿਆਤ ਜਾਂ ਸ਼ੱਕੀ ਉੱਚ-ਜੋਖਮ ਦੇ ਸੰਪਰਕ ਵਾਲ਼ੇ ਕਿਸੇ ਵੀ ਮੁਲਾਜ਼ਮ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਮੁਲਾਜ਼ਮ ਦੇ ਅਖ਼ਤਿਆਰਨਾਮੇ ਨਾਲ ਨੌਕਰੀਦਾਤਾ ਵਲੋਂ 24 ਘੰਟਿਆਂ ਦੇ ਅੰਦਰ COVID-19 ਦੇ ਗਿਆਤ ਜਾਂ ਸ਼ੱਕੀ ਉੱਚ-ਜੋਖਮ ਦੇ ਸੰਪਰਕ ਵਾਲ਼ੇ ਮੁਲਾਜ਼ਮ ਦੀ ਯੂਨੀਅਨ ਦੇ ਨੁਮਾਇੰਦੇ ਨੂੰ ਵੀ ਜ਼ਰੂਰ ਦੱਸਣਾ ਚਾਹੀਦਾ ਹੈ।

## ਸਿਹਤ ਸੰਭਾਲ ਵਿੱਚ ਉੱਚ-ਜੋਖਮ ਦਾ ਸੰਪਰਕ ਕੀ ਹੈ?

ਉੱਚ-ਜੋਖਮ ਦੇ ਸੰਪਰਕ ਦਾ ਮਤਲਬ ਹੈ ਕਿ ਹੇਠਾਂ ਦਿੱਤਿਆਂ ਵਿੱਚੋਂ ਕਿਸੇ ਵੀ ਸਥਿਤੀ ਵਿੱਚ ਢੁਕਵੇਂ-ਟੈਸਟਸ਼ੁਦਾ ਰੈਸਪੀਰੇਟਰ ਅਤੇ ਹੋਰ ਸਾਰੇ ਲੋੜੀਂਦੇ ਨਿਜੀ ਸੁਰੱਖਿਆ ਸਾਧਨ ਨਾ ਹੋਣਾ:

- ਯੋਗ ਵਿਅਕਤੀ ਨੂੰ ਬਿਮਾਰੀ ਲੱਗਣ ਦੀ ਸੰਭਵ ਮਿਆਦ ਦੌਰਾਨ ਸਮੁੱਚੇ ਕੁੱਲ 15 ਮਿੰਟ ਜਾਂ ਇਸ ਤੋਂ ਛੁੱਟ 24-ਘੰਟੇ ਦੀ ਮਿਆਦ ਲਈ ਛੇ ਫੁੱਟ ਦੇ ਅੰਦਰ ਯੋਗ ਵਿਅਕਤੀ ਦੇ ਸੰਪਰਕ ਵਿੱਚ ਆਉਣਾ।
- ਇੱਕ ਯੋਗ ਵਿਅਕਤੀ ਵਜੋਂ ਉਸੀ ਕਮਰੇ ਵਿੱਚ, ਜੋ ਕਿ ਏਅਰੋਸੋਲ-ਪ੍ਰੇਰਿਤ ਅਮਲ ਪੂਰਾ ਕਰ ਰਿਹਾ ਹੈ। https://www.doh.wa.gov/Portals/1/Documents/1600/coronavirus/COVID19InfectionControlForAerosolGeneratingProcedures.pdf'ਤੇ ਤੁਹਾਨੂੰ ਏਅਰੋਸੋਲ-ਪ੍ਰੇਰਿਤ ਅਮਲਾਂ ਦੀ ਸੂਚੀ ਮਿਲੇਗੀ।
- ਕਲੀਅਰਿੰਗ ਸਮਾਂ ਖ਼ਤਮ ਹੋਣ ਤੋਂ ਪਹਿਲਾਂ, ਉਸੀ ਕਮਰੇ ਵਿੱਚ, ਜਿੱਥੇ ਇੱਕ ਯੋਗ ਵਿਅਕਤੀ ਨੇ ਏਅਰੋਸੋਲ-ਪ੍ਰੇਰਿਤ ਅਮਲ ਪੂਰਾ ਕੀਤਾ ਹੈ।

## ਸਿਹਤ ਸੰਭਾਲ ਸਹੂਲਤਾਂ ਲਈ ਬਿਮਾਰੀ ਫੈਲਣ ਦੀ ਮਿਆਦ ਕੀ ਹੈ?

COVID-19 ਲਈ ਇੱਕ ਯੋਗ ਵਿਅਕਤੀ, ਦੂਜੇ ਯੋਗ ਵਿਅਕਤੀ ਦੇ ਬਿਮਾਰ ਹੋਣ/ਲੱਛਣ ਹੋਣ (ਜਾਂ ਰੋਗ-ਸੂਚਕ ਲੋਕਾਂ ਲਈ, ਟੈਸਟ ਲਈ ਨਮੂਨਾ ਇਕੱਠਾ ਕਰਨ ਤੋਂ ਦੋ ਦਿਨ ਪਹਿਲਾਂ) ਸੰਭਵ ਤੌਰ 'ਤੇ ਦੋ ਦਿਨ ਪਹਿਲਾਂ ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਦੇ ਅਸਰ ਹੇਠ ਆਇਆ ਸੀ, ਯੋਗ ਵਿਅਕਤੀ ਕੋਲ ਸਮਾਂ ਬਚਿਆ ਸੀ ਅਤੇ/ਜਾਂ ਕੰਮ ਵਾਲ਼ੀ ਸਾਈਟ ਤੋਂ ਅਲੱਗ-ਥਲੱਗ ਸੀ, ਤੱਕ ਜਾਂ ਰਿਵਾਇਤੀ ਸਟਾਫ਼ਿੰਗ ਪ੍ਰੋਟੋਕਾੱਲ ਦਾ ਸਮਾਂ ਖ਼ਤਮ ਹੋ ਗਿਆ ਹੈ, ਹੇਠ ਬਿਮਾਰੀ 'ਤੇ ਕੰਟਰੋਲ ਕਰਨ ਬਾਰੇ ਸੈਂਟਰ (CDC) ਦੀ ਕੰਮ 'ਤੇ ਵਾਪਸ ਆਉਣ ਦੀ ਕਸੌਟੀ, ਤੱਕ, ਜਿਹੜਾ ਵੀ ਵੱਧ ਹੈ। ਵਾਧੂ ਜਾਣਕਾਰੀ ਲਈ https://www.cdc.gov/coronavirus/2019-ncov/hcp/mitigating-staff-shortages.html ਵੇਖੋ

## ਕਮਰੇ ਦਾ ਕਲੀਅਰੈਂਸ ਸਮਾਂ ਕੀ ਹੈ?

ਕਲੀਅਰਿੰਗ ਟਾਈਮ ਦਾ ਮਤਲਬ ਹੈ, ਕਮਰੇ ਨੂੰ 99.9 ਫ਼ੀਸਦ ਤੱਕ ਰੋਗ-ਮੁਕਤ ਕੁਸ਼ਲਤਾ ਲਈ CDC ਸੇਧਾਂ ਦੇ ਅਧਾਰ 'ਤੇ ਕਮਰੇ ਵਿੱਚੋਂ ਏਅਰੋਸੋਲ ਨੂੰ ਹਟਾਉਣ ਲਈ ਲੱਗਣ ਵਾਲ਼ੇ ਸਮੇਂ ਦੀ ਮਾਤਰਾ।

(https://www.cdc.gov/infectioncontrol/guidelines/environmental/appendix/air.html#tableb1 ਵੇਖੋ)। ਇਹ ਅਮਲ ਮੁਕੰਮਲ ਕਰਨ ਵਿੱਚ ਤਿੰਨ ਘੰਟੇ ਤੋਂ ਵੱਧ ਸਮਾਂ ਨਹੀਂ ਲੱਗਦਾ। DOH ਕਲਿਨਿਕਲ ਸਹੂਲਤ ਦੀਆਂ ਜ਼ਰੂਰਤਾਂ (ਫ਼ੀ ਘੰਟੇ ਛੇ ਵਾਰੀ ਹਵਾ ਬਦਲਣੀ) ਹੇਠ ਕਲਿਨਿਕਲ ਥਾਵਾਂ ਵਿੱਚ ਇੱਕ ਘੰਟਾ ਬਹੁਤ ਹੈ ਅਤੇ ਹਵਾ ਵਿਚਲੀ ਲਾਗ ਲਈ ਅਲੱਗ-ਥਲੱਗ ਰੱਖਣ ਵਾਲ਼ੇ ਕਮਰੇ (AIIR) ਲਈ 15 ਮਿੰਟ ਦਾ ਸਮਾਂ ਬਹੁਤ ਹੈ।

### ਕੀ ਸਿਹਤ ਸੰਭਾਲ ਸਹੂਲਤ ਦੇ ਨੌਕਰੀਦਾਤਿਆਂ ਵਲੋਂ ਦਿੱਤੇ ਜਾਂਦੇ ਨੋਟਿਸਾਂ ਵਿੱਚ ਮੁਲਾਜ਼ਮ ਦਾ ਨਾਂ ਸ਼ਾਮਿਲ ਕੀਤਾ ਜਾ ਸਕਦਾ ਹੈ?

ਅਸਮਰੱਥ (ਅਪੰਗ) ਅਮਰੀਕੀਆਂ (ADA) ਬਾਰੇ ਕਾਨੂੰਨ ਅਨੁਸਾਰ ਵਿਅਕਤੀਗਤ ਮੁਲਾਜ਼ਮਾਂ ਦੀ COVID-19 ਦੀ ਸਥਿਤੀ ਨੂੰ ਗੁਪਤ ਰੱਖਣਾ ਚਾਹੀਦਾ ਹੈ। ਹੋਰ ਜਾਣਕਾਰੀ ਲਈ, ਅਮਰੀਕਾ ਦੇ ਬਰਾਬਰੀ ਦਾ ਰੋਜ਼ਗਾਰ ਦੇਣ ਬਾਰੇ ਕਮਿਸ਼ਨ (United States Equal Employment Opportunity Commission) ਦੀ ਵੈਬਸਾਈਟ: https://www.eeoc.gov/wysk/what-you-should-know-about-covid-19-and-ada-rehabilitation-act-and-other-eeo-laws ਤੋਂ ਇਹ ਜਾਣਕਾਰੀ ਵੇਖੋ।

## COVID-19 ਦਾ ਖ਼ੁਲਾਸਾ

### ਕੀ WAC 296-62-600 ਮੁਲਾਜ਼ਮਾਂ ਦੇ ਨੌਕਰੀਦਾਤਾ ਨੂੰ ਕਿਸੇ ਵੀ ਮੁਲਾਜ਼ਮ ਦੀ ਮੈਡੀਕਲ ਸਥਿਤੀ ਜਾਂ ਰੋਗ-ਨਿਦਾਨ ਦਾ ਖ਼ੁਲਾਸਾ ਕਰਨ ਤੋਂ ਮਨ੍ਹਾ ਕਰਦਾ ਹੈ?

RCW 49.17.062 ਅਨੁਸਾਰ, ਇਹ ਨੇਮ ਕਿਸੇ ਵੀ ਮੁਲਾਜ਼ਮ ਦੇ ਮੈਡੀਕਲ ਰੋਗ-ਨਿਦਾਨ ਜਾਂ ਸਥਿਤੀ ਦਾ ਖ਼ੁਲਾਸਾ ਕਰਨ ਤੋਂ ਮਨ੍ਹਾ ਨਹੀਂ ਕਰਦਾ। ਇਹ ਨੇਮ ਸਿਹਤ ਸੰਭਾਲ ਸਹੂਲਤਾਂ ਅਤੇ ਗ਼ੈਰ-ਸਿਹਤ ਸੰਭਾਲ ਨੌਕਰੀਦਾਤਿਆਂ ਦੋਹਾਂ 'ਤੇ ਲਾਗੂ ਹੁੰਦਾ ਹੈ।

### ਕੀ WAC 296-62-600 ਮੁਲਾਜ਼ਮਾਂ ਦੇ ਨੌਕਰੀਦਾਤਾ ਨੂੰ ਕਿਸੇ ਵੀ ਮੁਲਾਜ਼ਮ ਦੀ ਮੈਡੀਕਲ ਸਥਿਤੀ ਜਾਂ ਰੋਗ-ਨਿਦਾਨ ਦਾ ਖ਼ੁਲਾਸਾ ਕਰਨ ਲਈ ਕੋਈ ਵੀ ਨਵੀਆਂ ਸ਼ਰਤਾਂ ਘੜਦਾ ਹੈ?

RCW 49.17.062 ਅਨੁਸਾਰ, ਇਹ ਨੇਮ ਕਿਸੇ ਵੀ ਮੁਲਾਜ਼ਮ ਦੇ ਮੈਡੀਕਲ ਰੋਗ-ਨਿਦਾਨ ਜਾਂ ਸਥਿਤੀ ਦਾ ਖ਼ੁਲਾਸਾ ਕਰਨ ਕੋਈ ਲਈ ਨਵੀਆਂ ਸ਼ਰਤਾਂ ਨਹੀਂ ਘੜਦਾ। ਇਹ ਨੇਮ ਸਿਹਤ ਸੰਭਾਲ ਅਤੇ ਗ਼ੈਰ-ਸਿਹਤ ਸੰਭਾਲ ਨੌਕਰੀਦਾਤਿਆਂ ਦੋਹਾਂ 'ਤੇ ਲਾਗੂ ਹੁੰਦਾ ਹੈ।

### ਕੀ ਨੌਕਰੀਦਾਤਾ ਮੁਲਾਜ਼ਮਾਂ ਨੂੰ ਇਹ ਪੁੱਛ ਸਕਦੇ ਹਨ ਕਿ ਕੀ ਉਹਨਾਂ ਦਾ COVID-19 ਦਾ ਰੋਗ-ਨਿਦਾਨ ਹੋਇਆ ਹੈ ਜਾਂ ਉਹਨਾਂ ਦਾ ਟੈਸਟ ਹੋਇਆ ਹੈ?

DOSH ਨੌਕਰੀਦਾਤਿਆਂ ਤੋਂ ਉਮੀਦ ਕਰਦਾ ਹੈ ਕਿ ਉਹ ਕੰਮ ਵਾਲ਼ੀ ਥਾਂ 'ਤੇ COVID-19 'ਤੇ ਕੰਟਰੋਲ ਕਰਦੇ ਰਹਿਣ, ਜਿਵੇਂ ਕਿ COVID-19 ਦੇ ਅਸਰ ਹੇਠਲੇ ਛੂਤ ਵਾਲ਼ੇ ਮੁਲਾਜ਼ਮ ਘਰ ਵਿੱਚ ਹੀ ਰਹਿਣ। ਇਹ ਨੇਮ ਕਾਨੂੰਨੀ ਤੌਰ 'ਤੇ ਮਾਣਤਾਪ੍ਰਾਪਤ ਨੌਕਰੀਦਾਤਾ ਨੂੰ ਮੁਲਾਜ਼ਮ ਤੋਂ COVID-19 ਬਾਰੇ ਸੁਆਲ-ਜਵਾਬ ਕਰਨ ਤੋਂ ਮਨ੍ਹਾ ਨਹੀਂ ਕਰਦਾ। ਇਸ ਅਤੇ ਬਰਾਬਰੀ ਦਾ ਮੌਕਾ ਦੇਣ ਵਾਲ਼ੇ ਕਾਨੂੰਨ ਸਬੰਧੀ ਹੋਰ ਸੁਆਲਾਂ ਬਾਰੇ ਜਾਣਕਾਰੀ ਲਈ ਨੌਕਰੀਦਾਤਿਆਂ ਅਤੇ ਮੁਲਾਜ਼ਮਾਂ ਨੂੰ: https://www.eeoc.gov/wysk/what-you-should-know-about-covid-19-and-ada-rehabilitation-act-and-other-eeo-laws 'ਤੇ ਅਮਰੀਕਾ ਦਾ ਰੋਜ਼ਗਾਰ ਦੇ ਬਰਾਬਰੀ ਦੇ ਮੌਕੇ ਬਾਰੇ ਕਮਿਸ਼ਨ ਦਾ ਤਕਨੀਕੀ ਸਹਾਇਤਾ ਸਬੰਧੀ ਦਸਤਾਵੇਜ਼ ਵੇਖਣਾ ਚਾਹੀਦਾ ਹੈ।

## ਸ਼ਿਕਾਇਤ ਕਰਨੀ

### ਜੇ ਮੈਨੂੰ ਲੱਗਦਾ ਹੈ ਕਿ ਮੁਲਾਜ਼ਮ ਸਮੇਂ-ਸਿਰ ਅਤੇ WAC 296-62-600 ਵਲੋਂ ਲੋੜੀਂਦੇ ਤਰੀਕੇ ਵਿੱਚ ਨੋਟੀਫ਼ਿਕੇਸ਼ਨ ਪ੍ਰਾਪਤ ਨਹੀਂ ਕਰ ਰਹੇ, ਤਾਂ ਮੈਂ ਕਿਵੇਂ ਸ਼ਿਕਾਇਤ ਕਰਾਂ?

ਤੁਸੀਂ 1-800-4BE-SAFE (ਜਾਂ 1-800-423-7233) 'ਤੇ DOSH ਨੂੰ ਕਾੱਲ ਕਰ ਸਕਦੇ ਹੋ। ਜਾਂ
ਤੁਸੀਂ https://www.lni.wa.gov/workers-rights/workplace-complaints/safety-complaints 'ਤੇ ਉਪਲਬਧ DOSH ਸ਼ਿਕਾਇਤੀ ਫ਼ਾਰਮ ਭਰ ਸਕਦੇ ਹੋ।

ਨਿਜੀ ਸੁਰੱਖਿਅਕ ਸਾਧਨ **(PPE)** ਦੀ ਆਪਣੀ ਮਰਜ਼ੀ ਨਾਲ ਵਰਤੋਂ ਕਰਨਾ

## ਆਪਣੀ ਮਰਜ਼ੀ ਨਾਲ PPE ਵਰਤੋਂ ਕੀ ਹੈ?

ਆਪਣੀ ਮਰਜ਼ੀ ਦਾ ਮਤਲਬ ਕੰਮ ਵਾਲ਼ੀ ਥਾਂ 'ਤੇ ਉਸ ਸਮੇਂ ਮੁਲਾਜ਼ਮ ਜਾਂ ਠੇਕੇਦਾਰ ਵਲੋਂ ਚਿਹਰੇ 'ਤੇ ਮਾਸਕ ਲਾਉਣ ਜਾਂ ਹੋਰ PPE ਦੀ ਵਰਤੋਂ ਕਰਨਾ ਅਖ਼ਤਿਆਰੀ ਹੁੰਦਾ ਹੈ, ਜਿਸ ਸਮੇਂ ਵਾੱਸ਼ਿੰਗਟਨ ਸਨਅੱਤੀ ਸੁਰੱਖਿਆ ਅਤੇ ਸਿਹਤ ਕਾਨੂੰਨ (WISHA, ਚੈਪਟਰ 49.17 RCW) ਜਾਂ ਲਾਗ ਵਾਲ਼ੀ ਜਾਂ ਛੂਤ ਵਾਲ਼ੀ ਬਿਮਾਰੀ ਵਾਲ਼ੀਆਂ ਸਥਿਤੀਆਂ ਵਿੱਚ ਪਬਲਿਕ ਸਿਹਤ ਐਮਰਜੈਂਸੀ ਵਲੋਂ ਇਸਦੀ ਲੋੜ ਨਹੀਂ ਹੁੰਦੀ।

ਆਪਣੀ ਮਰਜ਼ੀ ਨਾਲ ਵਰਤੋਂ ਕਰਨ ਦੀ ਸਥਿਤੀ ਉਸ ਸਮੇਂ ਹੁੰਦੀ ਹੈ, ਜਦੋਂ ਮੁਲਾਜ਼ਮ ਜਾਂ ਠੇਕੇਦਾਰ ਆਪਣੀ ਸੁਰੱਖਿਆ ਦਾ ਪੱਧਰ ਵਧਾਉਣ ਲਈ PPE ਦੀ ਵਰਤੋਂ ਕਰਨਾ ਚਾਹੁੰਦੇ ਹਨ; ਉਦਾਹਰਣ ਲਈ ਆਪਣੀ ਮਰਜ਼ੀ ਨਾਲ N95 ਵਰਗਾ ਇੱਕ ਹੋਰ ਸੁਰੱਖਿਅਕ ਮਾਸਕ (ਰੈਸਪੀਰੇਟਰ) ਲਾਉਣਾ।

## ਜੇ ਕੋਈ PPE ਨੂੰ ਆਪਣੀ ਮਰਜ਼ੀ ਨਾਲ ਇਸਤੇਮਾਲ ਕਰਨਾ ਚਾਹੁੰਦਾ/ਚਾਹੁੰਦੀ ਹੈ, ਤਾਂ ਨੌਕਰੀਦਾਤਾ ਨੂੰ ਕੀ ਕਰਨਾ ਚਾਹੀਦਾ ਹੈ?

ਨੌਕਰੀਦਾਤਿਆਂ ਨੂੰ ਕਿਸੇ ਵੀ ਮੁਲਾਜ਼ਮ ਜਾਂ ਠੇਕੇਦਾਰ ਨੂੰ ਆਪਣੀ ਮਰਜ਼ੀ ਨਾਲ PPE ਦੀ ਵਰਤੋਂ ਕਰਨ ਦੀ ਮੰਜ਼ੂਰੀ ਜ਼ਰੂਰ ਦੇਣੀ ਚਾਹੀਦੀ ਹੈ, ਨੌਕਰੀਦਾਤਾ ਵਲੋਂ ਇਹ ਫ਼ੈਸਲਾ ਕਰਨ ਤੋਂ ਬਾਅਦ ਕਿ ਇਸਦੀ ਵਰਤੋਂ ਨਾਲ:

- ਸੁਰੱਖਿਆ ਜਾਂ ਸਿਹਤ ਜੋਖਮ ਦੀ ਸਮੱਸਿਆ ਨਹੀਂ ਹੋਏਗੀ ਜਾਂ
- ਨੌਕਰੀਦਾਤਾ ਦੀਆਂ ਸੁਰੱਖਿਆ ਜ਼ਰੂਰਤਾਂ ਵਿੱਚ ਵਿਘਨ ਨਹੀਂ ਪਏਗਾ ਜਾਂ
- ਵਿਸ਼ੇਸ਼ ਤੌਰ 'ਤੇ ਹੋਰ ਢੁਕਵੇਂ ਸਿਹਤ ਅਤੇ ਸੁਰੱਖਿਆ ਨੇਮਾਂ ਕਰਕੇ PPE ਦੀਆਂ ਜ਼ਰੂਰਤਾਂ ਨਾਲ ਵਿਵਾਦ ਨਹੀਂ ਹੋਏਗਾ।

## ਕੀ ਨੌਕਰੀਦਾਤਿਆਂ ਨੂੰ ਆਪਣੀ ਮਰਜ਼ੀ ਨਾਲ PPE ਦੀ ਵਰਤੋਂ ਕਰਨ ਵਾਲਿਆਂ ਨੂੰ ਭੁਗਤਾਨ ਕਰਨ ਦੀ ਲੋੜ ਹੈ?

ਨਹੀਂ, ਨੌਕਰੀਦਾਤਿਆਂ ਨੂੰ ਸਿਰਫ਼ ਲੋੜੀਂਦੇ PPE ਲਈ ਭੁਗਤਾਨ ਕਰਨਾ ਚਾਹੀਦਾ ਹੈ।

## ਜੇ ਮੈਨੂੰ ਲੱਗਦਾ ਹੈ ਕਿ WAC 296-62-601 ਅਨੁਸਾਰ ਮੁਲਾਜ਼ਮਾਂ ਨੂੰ ਆਪਣੀ ਮਰਜ਼ੀ ਨਾਲ PPE ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਰਹੀ, ਤਾਂ ਮੈਂ ਕਿਵੇਂ ਸ਼ਿਕਾਇਤ ਕਰ ਸਕਦਾ/ਸਕਦੀ ਹਾਂ?

ਤੁਸੀਂ 1-800-4BE-SAFE (ਜਾਂ 1-800-423-7233) 'ਤੇ DOSH ਨੂੰ ਕਾੱਲ ਕਰ ਸਕਦੇ ਹੋ। ਜਾਂ
ਤੁਸੀਂ https://www.lni.wa.gov/workers-rights/workplace-complaints/safety-complaints 'ਤੇ ਉਪਲਬਧ DOSH ਸ਼ਿਕਾਇਤੀ ਫ਼ਾਰਮ ਭਰ ਸਕਦੇ ਹੋ।

---

*1-800-547-8367 'ਤੇ ਆਪਣੀ ਭਾਸ਼ਾ ਵਿੱਚ ਏਜੰਸੀ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਵਾੱਸ਼ਿੰਗਟਨ ਸਟੇਟ ਦੇ ਕਿਰਤ ਅਤੇ ਸਨਅੱਤਾਂ ਬਾਰੇ ਵਿਭਾਗ (L&I) ਨਾਲ ਸੰਪਰਕ ਕਰੋ। ਇਹ ਸੇਵਾ ਮੁਫ਼ਤ ਹੈ।*

*ਬੇਨਤੀ ਕੀਤੇ ਜਾਣ 'ਤੇ ਅਸਮਰੱਥ (ਅਪਾਹਜ) ਵਿਅਕਤੀਆਂ ਲਈ ਫ਼ਾਰਮੈਟ ਉਪਲਬਧ ਹਨ। 1-800-547-8367 'ਤੇ ਕਾੱਲ ਕਰੋ। TDD ਯੂਜ਼ਰਸ, 711 'ਤੇ ਕਾੱਲ ਕਰੋ। L&I ਬਰਾਬਰੀ ਦੇ ਮੌਕੇ ਦੇਣ ਵਾਲਾ ਨੌਕਰੀਦਾਤਾ ਹੈ।*